THE PUNJAB STATE BOARD OF TECHNICAL
EDUCATION AND INDUSTRIAL TRAINING
Plot No. 1-A, Sec. 36-A, Chandigarh Ph.: 0172-2615385 Fax: 2664333 e-mail: ceitipb@gmail.com

ਨੰ:- ਪੀ.ਐਸ.ਬੀ.ਟੀ/ਆਈ.ਟੀ.ਆਈ/2021/ 55 ਮਿਤੀ:- 14/1/2021

ਵੱਲ,

ਪ੍ਰਿੰਸੀਪਲ,
ਪ੍ਰੀਖਿਆ ਕੇਂਦਰ ਐਸ.ਸੀ.ਵੀ.ਟੀ ਪ੍ਰੀਖਿਆ ਜਨਵਰੀ-2021 ਅਤੇ ਉਦਯੋਗਿਕ ਸਿਖਲਾਈ ਸੰਸਥਾਵਾਂ,
ਪੰਜਾਬ ਰਾਜ ਅਧੀਨ।

ਵਿਸ਼ਾ: ਐਸ.ਸੀ.ਵੀ.ਟੀ ਪ੍ਰੀਖਿਆ ਜਨਵਰੀ-2021 ਦੇ ਪ੍ਰੈਕਟੀਕਲ ਮਾਰਕਸ ਅਤੇ ਸੈਸਨਲ ਮਾਰਕਸ ਦੀ ਆਨ ਲਾਈਨ ਐਂਟਰੀ ਕਰਨ ਸਬੰਧੀ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਦੱਸਿਆ ਜਾਂਦਾ ਹੈ ਕਿ ਐਸ.ਸੀ.ਵੀ.ਟੀ ਪ੍ਰੀਖਿਆ ਜਨਵਰੀ-2021 ਲਈ ਬੋਰਡ ਦਫਤਰ ਦੁਆਰਾ ਡਾਟਾ ਕੰਪਿਊਟਰਾਇਜਡ ਕੀਤਾ ਗਿਆ ਹੈ। ਇਸ ਲਈ ਪ੍ਰੈਕਟੀਕਲ ਮਾਰਕਸ ਦੀ ਐਂਟਰੀ ਪ੍ਰੀਖਿਆ ਲਈ ਬਣਾਏ ਗਏ ਪ੍ਰੀਖਿਆ ਕੇਂਦਰਾਂ ਦੁਆਰਾ ਕੀਤੀ ਜਾਣੀ ਹੈ ਅਤੇ ਸੈਸਨਲ ਮਾਰਕਸ ਦੀ ਐਂਟਰੀ ਸਬੰਧਤ ਸੰਸਥਾਵਾਂ ਦੁਆਰਾ ਕੀਤੀ ਜਾਣੀ ਹੈ। ਇਸ ਸਬੰਧੀ ਪ੍ਰੀਖਿਆ ਕੇਂਦਰਾਂ ਅਤੇ ਸੰਸਥਾਵਾਂ ਦੁਆਰਾ ਹੇਠ ਦਰਸਾਏ ਅਨੁਸਾਰ ਪ੍ਰੈਕਟੀਕਲ ਮਾਰਕਸ ਅਤੇ ਸੈਸ਼ਨਲ ਮਾਰਕਸ ਦੀ ਆਨ ਲਾਈਨ ਐਂਟਰੀ ਕਰਨਾ ਯਕੀਨੀ ਬਣਾਈ ਜਾਵੇ।

## 1 ਸੈਸ਼ਨਲ ਮਾਰਕਸ ਸਬੰਧੀ ਹਦਾਇਤਾਂ

1.1 ਸੰਸਥਾਵਾਂ ਦੁਆਰਾ ਆਪਣੇ ਪਹਿਲਾਂ ਹੀ ਅਲਾਟ ਹੋਏ username and password ਨਾਲ www.pbteched.net ਤੇ ਲੌਗਿਨ ਕਰਕੇ ਆਪਣੀ ਸੰਸਥਾ ਦੇ ਸੈਸਨਲ ਮਾਰਕਸ ਦੀ ਐਂਟਰੀ ਲੌਗਿਨ ਵਿੱਚ ਉਪਲੱਬਧ ਹਦਾਇਤਾਂ ਅਨੁਸਾਰ ਕਰਨੀ ਯਕੀਨੀ ਬਣਾਈ ਜਾਵੇ।

1.2 ਸੰਸਥਾਵਾਂ ਦੁਆਰਾ ਇਹ ਵੀ ਯਕੀਨੀ ਬਣਾਇਆ ਜਾਵੇ ਕਿ ਉਹਨਾਂ ਦੀ ਸੰਸਥਾ ਦੀਆਂ ਸਾਰੀਆਂ ਟਰੇਡਾਂ ਦੇ ਸਾਰੇ ਸਿਖਿਆਰਥੀਆਂ (ਜੋ ਕਿ ਪ੍ਰੀਖਿਆ ਵਿੱਚ ਅਪੀਅਰ ਹੋਏ ਸਨ) ਦੇ ਸੈਸ਼ਨਲ ਮਾਰਕਸ ਆਨਲਾਈਨ ਐਂਟਰ ਹੋ ਚੁੱਕੇ ਹਨ ਅਤੇ ਜੇਕਰ ਕਿਸੇ ਸੰਸਥਾ ਦੇ ਸਿਖਿਆਰਥੀਆਂ ਦੇ ਸੈਸ਼ਨਲ ਮਾਰਕਸ ਐਂਟਰੀ ਹੋਣੇ ਰਹਿ ਜਾਂਦੇ ਹਨ ਤਾਂ ਇਸ ਦੀ ਸਮੁੱਚੀ ਜਿੰਮੇਵਾਰ ਸੰਸਥਾ ਦੀ ਹੀ ਹੋਵੇਗੀ।

1.3 ਸੰਸਥਾਵਾਂ ਦੁਆਰਾ ਉਕਤ ਲੜੀ ਨੰ: 1.1 ਅਤੇ 1.2 ਤੇ ਦਰਸਾਏ ਕੰਮ ਨੂੰ ਮਿਤੀ 22-01-2021 ਤੋਂ 28-01-2021 ਤੱਕ ਮੁਕੰਮਲ ਕਰਨਾ ਯਕੀਨੀ ਬਣਾਇਆ ਜਾਵੇਗਾ।

1.4 ਸੰਸਥਾਵਾਂ ਨੂੰ ਹਦਾਇਤ ਕੀਤੀ ਜਾਣੀ ਹੈ ਕਿ ਉਹਨਾਂ ਦੁਆਰਾ ਆਪਣੀ ਸੰਸਥਾ ਦੇ ਅਸਲ ਸੈਸ਼ਨਲ ਮਾਰਕਸ ਅਤੇ ਪ੍ਰਿੰਟਆਊਟ ਦੀ ਹਾਰਡ ਕਾਪੀ ਮਿਤੀ 12-02-2021 ਤੱਕ ਬੋਰਡ ਦਫਤਰ ਵਿਖੇ ਜਮ੍ਹਾਂ ਕਰਵਾਏ ਜਾਣ।

## 2 ਪ੍ਰੈਕਟੀਕਲ ਮਾਰਕਸ ਸਬੰਧੀ ਹਦਾਇਤਾਂ

2.1 ਪ੍ਰੀਖਿਆ ਕੇਂਦਰਾਂ ਦੁਆਰਾ ਆਪਣੇ ਆਪਣੇ ਪਹਿਲਾਂ ਹੀ ਅਲਾਟ ਹੋਏ username and password ਨਾਲ www.pbteched.net ਤੇ ਲੌਗਿਨ ਕਰਕੇ ਆਪਣੀ ਸੰਸਥਾ ਅਤੇ ਆਪਣੇ ਪ੍ਰੀਖਿਆ ਕੇਂਦਰ ਅਧੀਨ ਆਉਂਦੀਆਂ ਸੰਸਥਾਵਾਂ ਦੇ ਪ੍ਰੈਕਟੀਕਲ ਮਾਰਕਸ ਦੀ ਐਂਟਰੀ ਲੌਗਿਨ ਵਿੱਚ ਉਪਲੱਬਧ ਹਦਾਇਤਾਂ ਅਨੁਸਾਰ ਕਰਨੀ ਯਕੀਨੀ ਬਣਾਈ ਜਾਵੇ।

2.2 ਪ੍ਰੀਖਿਆ ਕੇਂਦਰਾਂ ਦੁਆਰਾ ਇਹ ਵੀ ਯਕੀਨੀ ਬਣਾਇਆ ਜਾਵੇ ਕਿ ਉਹਨਾਂ ਦੇ ਪ੍ਰੀਖਿਆ ਕੇਂਦਰ ਅਧੀਨ ਆਉਂਦੀਆਂ ਸੰਸਥਾਵਾਂ ਦੀਆਂ ਸਾਰੀਆਂ ਟਰੇਡਾਂ ਦੇ ਸਾਰੇ ਸਿਖਿਆਰਥੀਆਂ (ਜੋ ਕਿ ਪ੍ਰੈਕਟੀਕਲ ਪ੍ਰੀਖਿਆ ਵਿੱਚ ਅਪੀਅਰ ਹੋਏ ਸਨ) ਦੇ ਪ੍ਰੈਕਟੀਕਲ ਮਾਰਕਸ ਆਨਲਾਈਨ ਐਂਟਰ ਹੋ ਚੁੱਕੇ ਹਨ ਅਤੇ ਜੇਕਰ ਕਿਸੇ ਸੰਸਥਾ ਦੇ ਸਿਖਿਆਰਥੀਆਂ ਦੇ ਪ੍ਰੈਕਟੀਕਲ ਮਾਰਕਸ ਐਂਟਰੀ ਹੋਣੇ ਰਹਿ ਜਾਂਦੇ ਹਨ ਤਾਂ ਇਸ ਦੀ ਸਮੁੱਚੀ ਜਿੰਮੇਵਾਰ ਪ੍ਰੀਖਿਆ ਕੇਂਦਰ ਦੀ ਹੀ ਹੋਵੇਗੀ।

2.3 ਪ੍ਰੀਖਿਆ ਕੇਂਦਰਾਂ ਦੁਆਰਾ ਉਕਤ ਲੜੀ ਨੰ: 2.1 ਅਤੇ 2.2 ਤੇ ਦਰਸਾਏ ਕੰਮ ਨੂੰ ਮਿਤੀ 29-01-2021 ਤੋਂ 05-02-2021 ਤੱਕ ਮੁਕੰਮਲ ਕਰਨਾ ਯਕੀਨੀ ਬਣਾਇਆ ਜਾਵੇਗਾ।

2.4 ਪ੍ਰੀਖਿਆ ਕੇਂਦਰਾਂ ਨੂੰ ਹਦਾਇਤ ਕੀਤੀ ਜਾਣੀ ਹੈ ਕਿ ਉਹਨਾਂ ਆਪਣੇ ਅਤੇ ਆਪਣੇ ਅਧੀਨ ਆਉਂਦੀਆਂ ਸੰਸਥਾਵਾਂ ਦੇ ਅਸਲ ਅਵਾਰਡ ਰੋਲ ਅਤੇ ਐਂਟਰ ਕੀਤੇ ਪ੍ਰੈਕਟੀਕਲ ਮਾਰਕਸ ਦੇ ਪ੍ਰਿੰਟਆਊਟ ਦੀ ਹਾਰਡ ਕਾਪੀ ਮਿਤੀ 12-02-2021 ਤੱਕ ਬੋਰਡ ਦਫਤਰ ਵਿਖੇ ਜਮ੍ਹਾਂ ਕਰਵਾਏ ਜਾਣ।

5 ਜੇਕਰ ਕਿਸ ਸੰਸਥਾ ਅਤੇ ਪ੍ਰੀਖਿਆ ਕੇਂਦਰ ਦੇ ਪ੍ਰੈਕਟੀਕਲ ਮਾਰਕਸ ਅਤੇ ਸੈਸਨਲ ਮਾਰਕਸ ਦੀ ਹਾਰਡ ਕਾਪੀ ਬੋਰਡ ਦਫਤਰ ਵਿਖੇ ਸਮੇਂ ਸਿਰ ਪ੍ਰਾਪਤ ਨਹੀਂ ਹੁੰਦੀ ਅਤੇ ਸਿਖਿਆਰਥੀਆਂ ਦੇ ਕੰਮ ਵਿੱਚ ਦੇਰੀ ਹੁੰਦੀ ਹੈ ਤਾਂ ਇਸ ਅਣਗਹਿਲੀ ਲਈ ਜਿੰਮੇਵਾਰ ਪ੍ਰੀਖਿਆ ਕੇਂਦਰ/ ਸੰਸਥਾ ਖਿਲਾਫ ਰੂਲਾਂ ਅਨੁਸਾਰ ਯੋਗ ਕਾਰਵਾਈ ਕੀਤੀ ਜਾਵੇਗੀ।

ਉਪਰੋਕਤ ਅਨੁਸਾਰ ਦਰਸਾਈਆਂ ਮਿਤੀਆਂ ਫਾਈਨਲ ਹਨ ਅਤੇ extend ਨਹੀ ਕੀਤੀਆਂ ਜਾਣਗੀਆਂ। ਇਹ ਆਪ ਜੀ ਦੀ ਸੂਚਨਾ ਅਤੇ ਅਗਲੇਰੀ ਕਾਰਵਾਈ ਹਿਤ ਹੈ ਜੀ।

14/1/21

ਕੰਟਰੋਲਰ ਪ੍ਰੀਖਿਆਵਾਂ (ਆਈ.ਟੀ.ਆਈ)
ਵਾਸਤੇ ਸਕੱਤਰ

ਉਪਰੋਕਤ ਦਾ ਇਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾਂ/ ਰਿਕਾਰਡ ਹਿਤ ਭੇਜਿਆ ਜਾਂਦਾ ਹੈ: -

1. ਪੀ.ਏ.ਟੂ ਸਕੱਤਰ
2. ਸਿਸਟਮ ਐਡਮਿਨਸਟ੍ਰੇਟਰ

ਕੰਟਰੋਲਰ ਪ੍ਰੀਖਿਆਵਾ (ਆਈ.ਟੀ.ਆਈ.)
ਵਾਸਤੇ ਸਕੱਤਰ